# ਵੇਅਰਹਾਊਸ OHS – ਨਿੱਜੀ ਸੁਰੱਖਿਆ ਉਪਕਰਣ (PERSONAL PROTECTION EQUIPMENT, PPE) ਨੀਤੀ

## ਇਰਾਦਾ

ਵਿਵਸਾਇਕ ਸਿਹਤ ਅਤੇ ਸੁਰੱਖਿਆ (Occupational Health and Safety) ਸਬੰਧੀ ਲੋੜਾਂ ਦੀ ਪਾਲਣਾ ਵਿੱਚ, Authentic T-Shirt Company®/SanMar Canada (ਕੰਪਨੀ) ਦੇ ਸਾਰੇ ਕਰਮਚਾਰੀਆਂ ਲਈ ਵੇਅਰਹਾਊਸ ਵਿੱਚ ਹੋਣ ਸਮੇਂ ਮਨਜ਼ੂਰਸ਼ੁਦਾ ਨਿੱਜੀ ਸੁਰੱਖਿਆ ਉਪਕਰਣਾਂ (Personal Protective Equipment, PPE) ਨੂੰ ਪਹਿਨਣਾ ਜ਼ਰੂਰੀ ਹੈ।

## ਇਸ ਨੀਤੀ ਵਿੱਚ ਤੁਹਾਨੂੰ ਇਹਨਾਂ ਬਾਰੇ ਜਾਣਕਾਰੀ ਮਿਲੇਗੀ:

- ਨਿੱਜੀ ਸੁਰੱਖਿਆ ਉਪਕਰਣਾਂ ਦੀ ਪਰਿਭਾਸ਼ਾ
- ਸੁਪਰਵਾਈਜ਼ਰ ਦੀਆਂ ਜ਼ਿੰਮੇਵਾਰੀਆਂ
- ਵਰਕਰ ਦੀਆਂ ਜ਼ਿੰਮੇਵਾਰੀਆਂ
- ਸਵੀਕ੍ਰਿਤੀ ਅਤੇ ਸਮਝੌਤਾ

## ਪਰਿਭਾਸ਼ਾ

ਇਸ ਨੀਤੀ ਦੇ ਉਦੇਸ਼ ਲਈ, PPE ਨੂੰ ਹੇਠਾਂ ਲਿਖਿਆਂ ਵਿੱਚੋਂ ਕਿਸੇ ਵੀ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ, ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹੈ:

- CSA ਸਟੈਂਡਰਡ CAN/CSA-Z195-M92, ਸੁਰੱਖਿਆ ਜੁੱਤੇ
- ਉੱਚ ਦਿੱਸਣਯੋਗਤਾ ਵਾਲਾ ਲਿਬਾਸ (ਘੱਟੋ-ਘੱਟ ਟਾਈਪ 3 ਮਾਪਦੰਡ ਨੂੰ ਪੂਰਾ ਕਰਨ ਵਾਲਾ)
- ਡਿੱਗਣ ਤੋਂ ਰੋਕਣ ਵਾਲੀ ਹਾਰਨੈੱਸ
- ਮਾਸਕ (COVID-19 ਅਤੇ ਮਹਾਂਮਾਰੀ ਨੀਤੀ ਦੇ ਨਾਲ ਮਿਲਾ ਕੇ)
- ਦਸਤਾਨੇ (COVID-19 ਅਤੇ ਮਹਾਂਮਾਰੀ ਨੀਤੀ ਦੇ ਨਾਲ ਮਿਲਾ ਕੇ)

## ਸੁਪਰਵਾਈਜ਼ਰ ਦੀਆਂ ਜ਼ਿੰਮੇਵਾਰੀਆਂ

**8.8** ਸੁਪਰਵਾਈਜ਼ਰ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਢੁਕਵੇਂ ਨਿੱਜੀ ਸੁਰੱਖਿਆ ਉਪਕਰਣ

a) ਵਰਕਰਾਂ ਲਈ ਉਪਲਬਧ ਹੋਣ
b) ਲੋੜ ਪੈਣ ਸਮੇਂ ਸਹੀ ਢੰਗ ਨਾਲ ਪਹਿਨੇ ਹੋਣ, ਅਤੇ
c) ਸਹੀ ਤਰੀਕੇ ਨਾਲ ਸਾਫ਼ ਕੀਤੇ, ਨਿਰੀਖਣ ਕੀਤੇ, ਚੰਗੇ ਰੱਖ-ਰਖਾਅ ਵਾਲੇ ਅਤੇ ਸਟੋਰ ਕੀਤੇ ਹੋਣ

## ਵਰਕਰ ਦੀਆਂ ਜ਼ਿੰਮੇਵਾਰੀਆਂ

**8.9** (1) ਇੱਕ ਵਰਕਰ ਜਿਸ ਲਈ ਨਿੱਜੀ ਸੁਰੱਖਿਆ ਉਪਕਰਣ ਵਰਤਣੇ ਜ਼ਰੂਰੀ ਹਨ, ਉਸਦੇ ਲਈ ਜ਼ਰੂਰੀ ਹੈ ਕਿ ਉਹ

a) ਉਪਕਰਣਾਂ ਦਾ ਇਸਤੇਮਾਲ ਟ੍ਰੇਨਿੰਗ ਅਤੇ ਹਦਾਇਤਾਂ ਦੇ ਅਨੁਸਾਰ ਕਰੇ,
b) ਇਸਤੇਮਾਲ ਤੋਂ ਪਹਿਲਾਂ ਉਪਕਰਣਾਂ ਦੀ ਜਾਂਚ ਕਰੇ
c) ਕੰਮ ਦੇ ਖੇਤਰ ਤੋਂ ਬਾਹਰ ਸੁਰੱਖਿਅਤ ਉਪਕਰਣਾਂ ਨੂੰ ਪਹਿਨਣ ਤੋਂ ਪਰਹੇਜ਼ ਕਰੇ, ਅਜਿਹਾ ਕਰਨ ਨਾਲ ਖਤਰਾ ਪੈਦਾ ਹੋਵੇਗਾ, ਅਤੇ
d) ਉਪਕਰਣਾਂ ਵਿੱਚ ਕਿਸੇ ਵੀ ਖਰਾਬੀ ਬਾਰੇ ਸੁਪਰਵਾਈਜ਼ਰ ਜਾਂ ਐਂਪਲੌਇਅਰ ਨੂੰ ਸੂਚਿਤ ਕਰੇ।

(2) ਅਜਿਹੇ ਵਰਕਰ ਜਿਸਨੂੰ ਨਿੱਜੀ ਸੁਰੱਖਿਆ ਉਪਕਰਣਾਂ ਦੀ ਸਾਫ਼-ਸਫ਼ਾਈ, ਸਾਂਭ-ਸੰਭਾਲ ਜਾਂ ਸਟੋਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸਦੇ ਲਈ ਮੁਹੱਈਆ ਕਰਵਾਈ ਗਈ ਟ੍ਰੇਨਿੰਗ ਅਤੇ ਹਦਾਇਤਾਂ ਦੇ ਅਨੁਸਾਰ ਅਜਿਹਾ ਕਰਨਾ ਜ਼ਰੂਰੀ ਹੈ।

## ਸਵੀਕ੍ਰਿਤੀ ਅਤੇ ਸਮਝੌਤਾ

ਇਸ ਦਸਤਾਵੇਜ਼ 'ਤੇ ਆਪਣੇ ਡਿਜਿਟਲ ਦਸਤਖਤ ਕਰਕੇ, ਮੈਂ ਵੇਅਰਹਾਊਸ OHS – ਨਿੱਜੀ ਸੁਰੱਖਿਆ ਉਪਕਰਣਾਂ (Personal Protective Equipment, PPE) ਬਾਰੇ ਨੀਤੀ ਨੂੰ ਸਵੀਕਾਰ ਕਰਨ ਦੀ ਪੁਸ਼ਟੀ ਕਰਦਾ/ਕਰਦੀ ਹਾਂ। ਮੈਂ ਇਸਦੇ ਸਾਰੇ ਅਸੂਲਾਂ, ਨੀਤੀਆਂ, ਨਿਯਮਾਂ ਅਤੇ ਸ਼ਰਤਾਂ ਨੂੰ ਸਮਝਦਾ/ਸਮਝਦੀ ਹਾਂ ਅਤੇ ਉਹਨਾਂ ਦੀ ਅਤੇ ਉਹਨਾਂ ਵਿੱਚ ਕੋਈ ਵੀ ਸੋਧਾਂ ਜੋ ਜਾਰੀ ਕੀਤੀਆਂ ਜਾ ਸਕਦੀਆਂ ਹਨ, ਦੀ ਪਾਲਣਾ ਕਰਨ ਲਈ ਸਹਿਮਤ

ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਨੀਤੀ ਨੂੰ ਲੋੜ ਅਨੁਸਾਰ ਸੋਧਿਆ ਜਾਂ ਇਸ ਵਿੱਚ ਫੇਰ-ਬਦਲ ਕੀਤਾ ਜਾ ਸਕਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਨੀਤੀ ਦੀ ਮੇਰੀ ਪਾਲਣਾ ਮੇਰੀ ਨੌਕਰੀ ਦੀ ਇੱਕ ਸ਼ਰਤ ਹੈ, ਅਤੇ ਕਿਸੇ ਵੀ ਉਲੰਘਣਾ ਦੇ ਨਤੀਜੇ ਵਜੋਂ ਜਾਇਜ਼ ਕਾਰਨ ਦੇ ਨਾਲ ਨੌਕਰੀ ਦੀ ਸਮਾਪਤੀ ਸਮੇਤ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।